Adda247
GET IT ON Google Play

# Punjab ETT

## Previous Year Paper

### 28 Jul, 2024

Adda247

Test Prime

ALL EXAMS, ONE SUBSCRIPTION

80,000+ Mock Tests

Personalised Report Card

Unlimited Re-Attempt

600+ Exam Covered

20,000+ Previous Year Papers

500% Refund

IBPS

NABARD

ATTEMPT FREE MOCK NOW

Adda247 GET IT ON Google Play

## ਭਾਗ-ਪਹਿਲਾ : ਵਿਆਕਰਨ

1. ਪੰਜਾਬੀ ਦੀਆਂ ਉਪ-ਭਾਸ਼ਾਵਾਂ ਵਿਚੋਂ ਮਾਝੀ ਉਪਬੋਲੀ ਨਾਲ ਸੰਬੰਧਤ ਮਾਝਾ ਖੇਤਰ ਕਿੱਥੇ ਸਥਿਤ ਹੈ ?
   (A) ਅੰਮ੍ਰਿਤਸਰ ਅਤੇ ਬਿਆਸ ਦਰਿਆਵਾਂ ਵਿਚਕਾਰ
   (B) ਸਤਲੁਜ ਅਤੇ ਬਿਆਸ ਦਰਿਆਵਾਂ ਵਿਚਕਾਰ
   (C) ਬਿਆਸ ਅਤੇ ਚਨਾਬ ਦਰਿਆਵਾਂ ਵਿਚਕਾਰ
   (D) ਬਿਆਸ ਅਤੇ ਰਾਵੀ ਦਰਿਆਵਾਂ ਵਿਚਕਾਰ

2. ਪੰਜਾਬੀ ਭਾਸ਼ਾ ਦੇ ਟਕਸਾਲੀ ਰੂਪ ਨੂੰ ਨਿਸ਼ਚਿਤ ਕਰਨ ਲਈ ਕਿਹੜੀ ਉਪ-ਭਾਸ਼ਾ ਨੂੰ ਆਧਾਰ ਬਣਾਇਆ ਗਿਆ ਹੈ ?
   (A) ਦੁਆਬੀ
   (B) ਮਾਝੀ
   (C) ਮਾਝੀ ਅਤੇ ਦੁਆਬੀ
   (D) ਦੁਆਬੀ ਅਤੇ ਮਲਵਈ

3. ਪੰਜਾਬੀ ਵਿਚ ਵੱਧ ਸਾਹ ਲੱਗਣ ਵਾਲੀਆਂ ਧੁਨੀਆਂ ਨੂੰ ਕਿਹੜੀਆਂ ਧੁਨੀਆਂ ਆਖਦੇ ਹਨ
   (A) ਹ੍ਰਸਵ ਸਵਰ ਧੁਨੀਆਂ
   (B) ਲਘੂ ਸਵਰ ਧੁਨੀਆਂ
   (C) ਦੀਰਘ ਸਵਰ ਧੁਨੀਆਂ
   (D) ਉਪਰੋਕਤ ਕੋਈ ਨਹੀਂ

4. ਬਿੰਦੀ ਦੀ ਵਰਤੋਂ ਕਿਹੜੀਆਂ ਲਗਾਂ ਨਾਲ ਹੁੰਦੀ ਹੈ–
   (A) ਬਿਹਾਰੀ, ਲਾਂ, ਦੁਲਾਵਾਂ, ਸਿਹਾਰੀ, ਕੰਨਾ
   (B) ਬਿਹਾਰੀ, ਸਿਹਾਰੀ, ਲਾਂ, ਦੁਲਾਵਾਂ, ਹੋੜਾ
   (C) ਲਾਂ, ਦੁਲਾਵਾਂ, ਹੋੜਾ, ਕਨੌੜਾ, ਕੰਨਾ, ਬਿਹਾਰੀ
   (D) ਬਿਹਾਰੀ, ਸਿਹਾਰੀ, ਲਾਂ, ਦੁਲਾਵਾਂ, ਹੋੜਾ, ਕਨੌੜਾ

5. ਦੁੱਤ ਅੱਖਰ ਕਿਹੋ ਜਹੇ ਅੱਖਰ ਹੁੰਦੇ ਹਨ–
   (A) ਜੋ ਵਿਅੰਜਨ ਅੱਖਰਾਂ ਦੇ ਪੈਰਾਂ ਵਿਚ ਪਾਏ ਜਾਂਦੇ ਹਨ
   (B) ਜੋ ਸਵਰ ਅੱਖਰਾਂ ਦੇ ਪੈਰਾਂ ਵਿਚ ਪਾਏ ਜਾਂਦੇ ਹਨ
   (C) ਜੋ ਸਵਰ ਅਤੇ ਵਿਅੰਜਨ ਅੱਖਰਾਂ ਦੇ ਪੈਰਾਂ ਵਿਚ ਪਾਏ ਜਾਂਦੇ ਹਨ
   (D) ਜੋ 'ਹ, ਰ, ਵ' ਤਿੰਨ ਅੱਖਰਾਂ ਦੇ ਪੈਰਾਂ ਵਿਚ ਪਾਏ ਜਾਂਦੇ ਹਨ

Adda247 GET IT ON Google Play

6. ਪੰਜਾਬੀ ਵਿਆਕਰਣ ਦੇ ਹਿਸਾਬ ਨਾਲ "ਜੰਞ" ਸ਼ਬਦ ਕਿਸ ਸ਼੍ਰੇਣੀ ਵਿਚ ਆਉਂਦਾ ਹੈ ?
(A) ਖ਼ਾਸ ਨਾਂਵ
(B) ਆਮ ਨਾਂਵ
(C) ਸਮੂਹਵਾਚਕ ਨਾਂਵ
(D) ਉਪਰੋਕਤ ਵਿੱਚੋਂ ਕੋਈ ਨਹੀਂ

7. ਨਾਂਵ ਸ਼ਬਦ "ਜੋਗੀ" ਦਾ ਲਿੰਗ ਬਦਲਿਆ ਜਾਵੇ ਤਾਂ ਕਿਹੜਾ ਯੋਗ ਸ਼ਬਦ ਆਵੇਗਾ ?
(A) ਜੋਗ
(B) ਜੋਗੀਆ
(C) ਜੋਗਣ
(D) ਜੋਗਣੀ

8. "ਗੱਭਰੂ" ਸ਼ਬਦ ਲਈ ਢੁੱਕਵਾਂ ਇਸਤਰੀ-ਲਿੰਗ ਸ਼ਬਦ ਕਿਹੜਾ ਹੈ ?
(A) ਤੀਵੀਂ
(B) ਮੁਟਿਆਰ
(C) ਔਰਤ
(D) ਕੁੜੀ

9. 'ਚਿੱਟਾ ਘੋੜਾ ਦੌੜਦਾ ਹੈ'- ਇਸ ਵਾਕ ਦਾ ਵਚਨ ਬਦਲਿਆਂ ਸਹੀ ਉੱਤਰ ਕਿਹੜਾ ਹੋਵੇਗਾ-
(A) ਚਿੱਟੇ ਘੋੜੇ ਦੌੜਦਾ ਹੈ।
(B) ਚਿੱਟੇ ਘੋੜਾ ਦੌੜਦੇ ਹਨ।
(C) ਚਿੱਟੇ ਘੋੜੇ ਦੌੜਦੇ ਹਨ।
(D) ਚਿੱਟਾ ਘੋੜਾ ਦੌੜਦੇ ਹਨ।

10. ਕਿਰਿਆ ਨੂੰ ਕਰਨ ਵਾਲੇ ਦੇ ਭਾਵ ਨੂੰ ਉਜਾਗਰ ਕਰਦਾ ਕਿਹੜਾ ਕਾਰਕ ਹੁੰਦਾ ਹੈ ?
(A) ਕਰਨ-ਕਾਰਕ
(B) ਕਰਮ-ਕਾਰਕ
(C) ਕਰਤਾ-ਕਾਰਕ
(D) ਸੰਬੰਧ- ਕਾਰਕ

11. 'ਮੇਰਾ ਇੱਕ ਮਿੱਤਰ ਰਾਮ ਹੈ ਜਿਹੜਾ ਹਰ ਵੇਲੇ ਖੇਡਦਾ ਰਹਿੰਦਾ ਹੈ- ਇਸ ਵਾਕ ਵਿਚ "ਜਿਹੜਾ" ਸ਼ਬਦ ਕਿਸ ਸ਼੍ਰੇਣੀ ਦਾ ਪੜਨਾਂਵ ਹੈ ?
(A) ਨਿਸ਼ਚੇਵਾਚਕ
(B) ਪੁਰਖਵਾਚਕ
(C) ਨਿੱਜਵਾਚਕ
(D) ਸੰਬੰਧਵਾਚਕ

12. ਹੇਠ ਲਿਖੇ ਕਿਹੜੇ ਵਿਸ਼ੇਸ਼ਣ ਵਿੱਚ ਵਚਨ ਬਦਲਣ ਨਾਲ ਤਬਦੀਲੀ ਆਉਂਦੀ ਹੈ ?
(A) ਬੈਂਗਣੀ
(B) ਚਿੱਟਾ
(C) ਸੁਨਿਹਰੀ
(D) ਲਾਲ

13. ਸਕਰਮਕ ਕਿਰਿਆ ਉਹ ਕਿਰਿਆ ਹੈ ਜਿਸ ਵਿੱਚ-
(A) ਕਰਮ ਹੋਵੇ
(B) ਕਰਤਾ ਹੋਵੇ
(C) ਕਰਤਾ ਤੇ ਕਰਮ ਹੋਵੇ
(D) ਕਰਮ ਨਾ ਹੋਵੇ

Adda247 GET IT ON Google Play

14. 'ਉਹ ਸਹਿਜੇ ਹੀ ਕਮਰੇ ਵਿੱਚ ਆਣ ਵੜਿਆ'- ਇਸ ਵਾਕ ਵਿੱਚ ਸ਼ਬਦ 'ਸਹਿਜੇ' ਕਿਸ ਪ੍ਰਕਾਰ ਦਾ ਕਿਰਿਆ-ਵਿਸ਼ੇਸ਼ਣ ਹੈ ?

(A) ਪ੍ਰਕਾਰਵਾਚਕ
(B) ਨਿਰਨਾਵਾਚਕ
(C) ਨਿਸ਼ਚੇਵਾਚਕ
(D) ਪਰਿਮਾਣਵਾਚਕ

15. 'ਉਹ ਕਮਰੇ ਵਿੱਚ ਬੈਠੇ ਹਨ'- ਇਸ ਵਾਕ ਅੰਦਰ 'ਵਿੱਚ' ਸ਼ਬਦ ਵਿਆਕਰਣਿਕ ਰੂਪ ਵਿੱਚ ਕੀ ਹੈ ?

(A) ਵਿਸ਼ੇਸ਼ਣ
(B) ਕਿਰਿਆ ਵਿਸ਼ੇਸ਼ਣ
(C) ਯੋਜਕ
(D) ਸੰਬੰਧਕ

16. ਜੋ ਸ਼ਬਦ ਦੋ ਵਾਕਾਂਸ਼ਾਂ ਜਾਂ ਵਾਕਾਂ ਨੂੰ ਇੱਕ ਦੂਜੇ ਨਾਲ ਜੋੜਦੇ ਹਨ, ਉਹਨਾਂ ਨੂੰ ਕੀ ਆਖਦੇ ਹਨ ?

(A) ਯੋਜਕ
(B) ਸੰਬੰਧਕ
(C) ਸਮਾਸੀ ਸ਼ਬਦ
(D) ਵਿਸਮਕ

17. ਵਿਸਮਕ ਸ਼ਬਦ ਤੋਂ ਭਾਵ-

(A) ਬੋਲਣ ਵਾਲੇ ਦੀ ਪ੍ਰਸੰਸਾ ਲਈ ਵਰਤਿਆ ਸ਼ਬਦ
(B) ਬੋਲਣ ਵਾਲੇ ਦੀ ਭਾਵਨਾਤਮਿਕ ਮਨੋਸਥਿਤੀ ਪ੍ਰਗਟ ਕਰਦਾ ਸ਼ਬਦ
(C) ਬੋਲਣ ਵਾਲੇ ਨੂੰ ਫਿਟਕਾਰ ਦੇਣ ਲਈ ਵਰਤਿਆ ਸ਼ਬਦ
(D) ਬੋਲਣ ਵਾਲੇ ਦੇ ਬੌਧਿਕ ਪੱਧਰ ਨੂੰ ਪ੍ਰਗਟ ਕਰਦਾ ਸ਼ਬਦ

18. ਹੇਠ ਲਿਖਿਆਂ 'ਚੋਂ ਕਿਹੜਾ ਸ਼ਬਦ ਸਮਾਸੀ-ਸ਼ਬਦ ਹੈ ?

(A) ਲੋਕਰਾਜ
(B) ਲੋਕਤੰਤਰ
(C) ਉਪਰੋਕਤ ਦੋਵੇਂ
(D) ਉਪਰੋਕਤ ਕੋਈ ਨਹੀਂ

19. 'ਐਸਾ ਵਰਤਾਰਾ ਵੇਖ ਕੇ ਮੈਂ ਹੈਰਾਨ ਹੋ ਗਿਆ'- ਇਸ ਵਾਕ ਵਿੱਚ 'ਵਰਤਾਰਾ' ਸ਼ਬਦ ਭਾਵ-ਵਾਚਕ ਨਾਂਵ ਕਿਸ ਕਿਰਿਆ-ਮੂਲ ਤੋਂ ਬਣਿਆ ਹੈ ?

(A) ਵਰਤਣਾ
(B) ਵਰਤੋਂ
(C) ਵਰਤ
(D) ਉਪਰੋਕਤ ਕੋਈ ਨਹੀਂ

20. ਕਾਰਜ ਦੇ ਆਧਾਰ ਉੱਤੇ ਵਾਕਾਂ ਨੂੰ ਕਿਹੜੇ-ਕਿਹੜੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ?

(A) ਹਾਂ ਵਾਚਕ, ਨਾਂਹ ਵਾਚਕ, ਪ੍ਰਸ਼ਨ ਵਾਚਕ, ਵਿਸਮੈ ਵਾਚਕ
(B) ਹਾਂ ਵਾਚਕ, ਨਾਂਹ ਵਾਚਕ, ਮਿਸ਼ਰਤ ਵਾਚਕ, ਸੰਜੁਗਤ ਵਾਚਕ
(C) ਸਧਾਰਨ ਵਾਚਕ, ਮਿਸ਼ਰਤ ਵਾਚਕ, ਸੰਜੁਗਤ ਵਾਚਕ
(D) ਸਧਾਰਨ ਵਾਚਕ, ਮਿਸ਼ਰਤ ਵਾਚਕ, ਸੰਜੁਗਤ ਵਾਚਕ, ਵਿਸਮੈ ਵਾਚਕ

Adda247 GET IT ON Google Play

21. 'ਚਹੁੰ ਪੈਰਾਂ ਵਾਲਾ ਪਸ਼ੂ'- ਇਸ ਵਾਕਾਂਸ਼ ਦੀ ਜਗ੍ਹਾ ਯੋਗ ਇੱਕ ਸ਼ਬਦ ਕਿਹੜਾ ਹੋ ਸਕਦਾ ਹੈ ?
(A) ਚੁਪਾਈ (B) ਚੁਪਾਇਆ
(C) ਚੁਪਹਿਰਾ (D) ਚੌਮੁਖੀ

22. 'ਦੁਪੈਹਰ' ਸ਼ਬਦ ਦਾ ਸ਼ੁੱਧ ਸ਼ਬਦ-ਜੋੜ ਲਿਖੋ-
(A) ਦੂਪਹਿਰ (B) ਦੁਪਿਹਰ
(C) ਦੁਪਹਿਰ (D) ਦੂਪੈਹਰ

23. ਮੁਹਾਵਰਾ- 'ਪੱਲਾ ਛੁਡਾਉਣਾ' ਤੋਂ ਕੀ ਭਾਵ ਹੈ ?
(A) ਮਨ ਵਿੱਚ ਨਾ ਵਸਾਉਣਾ (B) ਧੋਖਾ ਦੇਣਾ
(C) ਗ਼ੁਲਾਮੀ ਲਾਹੁਣੀ (D) ਜ਼ਿੰਮੇਵਾਰੀ ਤੋਂ ਬਚਣਾ

24. 'ਅੰਨ੍ਹਾ ਵੰਡੇ ਸ਼ੀਰਨੀ ਮੁੜ-ਘਿੜ ਆਪਣਿਆਂ ਨੂੰ'- ਇਸ ਅਖਾਉਤ ਦਾ ਕੀ ਅਰਥ ਹੈ ?
(A) ਕੋਈ ਬੰਦਾ ਆਪਣੀ ਸਮਰੱਥਾ ਨਾਲ ਲੋਕਾਂ ਦੀ ਬਾਰ ਬਾਰ ਸੇਵਾ ਕਰੀ ਜਾਵੇ
(B) ਕੋਈ ਬੰਦਾ ਆਪਣੀ ਸਮਰੱਥਾ ਨਾਲ ਲੋਕਾਂ ਵਿੱਚ ਲੰਗਰ ਵਰਤਾਈ ਜਾਵੇ
(C) ਕੋਈ ਬੰਦਾ ਕੇਵਲ ਆਪਣਿਆਂ ਨੂੰ ਹੀ ਫ਼ਾਇਦਾ ਦੇਈ ਜਾਵੇ
(D) ਕੋਈ ਬੰਦਾ ਵੇਖ ਨਹੀਂ ਸਕਦਾ ਪਰ ਆਪਣਿਆਂ ਦਾ ਧਿਆਨ ਰਖਦਾ ਹੈ

25. 'ਵਫ਼ਾਦਾਰੀ ਰੱਖਣੀ ਚਾਹੀਦੀ ਹੈ'- ਇਸ ਵਾਕ ਵਿੱਚ 'ਵਫ਼ਾਦਾਰੀ' ਸ਼ਬਦ ਕਿਹੜਾ ਨਾਂਵ ਹੈ ?
(A) ਆਮ ਨਾਂਵ (B) ਜਾਤੀਵਾਚਕ ਨਾਂਵ
(C) ਭਾਵ ਵਾਚਕ ਨਾਂਵ (D) ਵਸਤੂ ਵਾਚਕ ਨਾਂਵ

26. 'ਬਾਲ' ਸ਼ਬਦ ਦਾ ਇਸਤਰੀ-ਲਿੰਗ ਬਣਾਓ-
(A) ਬਾਲਣੀ (B) ਬਾਲੀ
(C) ਬਾਲੜੀ (D) ਬਾਲਨੀ

27. 'ਖ਼ੁਸ਼ਬੋ' ਸ਼ਬਦ ਦਾ ਬਹੁਵਚਨ ਕੀ ਹੋਵੇਗਾ ?
(A) ਖ਼ੁਸ਼ਬੂ (B) ਖ਼ੁਸ਼ਬੋਆਂ
(C) ਖ਼ੁਸ਼ਬੋਵਾਂ (D) ਖ਼ੁਸ਼ਬੂਈਆਂ

28. 'ਮੇਰੇ ਦੁਆਰਾ' ਪੜਨਾਂਵ ਇੱਕ ਵਚਨ ਪਹਿਲਾ ਪੁਰਖ ਹੈ, ਇਸ ਦਾ ਇੱਕ ਵਚਨ ਤੀਸਰਾ ਪੁਰਖ ਕੀ ਬਣੇਗਾ ?
(A) ਸਭ ਦੁਆਰਾ (B) ਤੁਹਾਡੇ ਦੁਆਰਾ
(C) ਉਹਦੇ ਦੁਆਰਾ (D) ਆਪ ਦੁਆਰਾ

Adda247 GET IT ON Google Play

29. 'ਜਮਾਤ ਵਿੱਚ ਕੌਣ ਰੌਲਾ ਪਾ ਰਿਹਾ ਸੀ'- ਇਸ ਵਾਕ ਵਿੱਚ 'ਕੌਣ' ਸ਼ਬਦ ਕਿਸ ਪੜਨਾਂਵੀਂ ਰੂਪ ਵਿੱਚ ਆਇਆ ਹੈ ?

(A) ਅਨਿਸ਼ਚੇਵਾਚਕ
(B) ਪੁਰਖਵਾਚਕ
(C) ਸੰਬੰਧਵਾਚਕ
(D) ਸਥਾਨਵਾਚਕ

30. 'ਇਹ ਇੱਕ ਕੌੜੀ ਮਿਰਚ ਹੈ'- ਇਸ ਵਾਕ ਵਿੱਚ 'ਕੌੜੀ' ਸ਼ਬਦ ਕਿਸ ਤਰ੍ਹਾਂ ਦਾ ਵਿਸ਼ੇਸ਼ਣ ਰੂਪ ਹੈ ?

(A) ਸੰਖਿਆਵਾਚਕ
(B) ਗੁਣਵਾਚਕ
(C) ਪਰਿਮਾਣਵਾਚਕ
(D) ਪੜਨਾਂਵੀਂ ਵਿਸ਼ੇਸ਼ਣ

31. 'ਉਹ ਘਰ ਦੇ ਬਾਹਰ ਖੇਡ ਰਿਹਾ ਹੈ'- ਇਸ ਵਾਕ ਵਿੱਚ 'ਬਾਹਰ' ਸ਼ਬਦ ਕਿਹੜਾ ਕਿਰਿਆ-ਵਿਸ਼ੇਸ਼ਣ ਹੈ ?

(A) ਪ੍ਰਕਾਰਵਾਚਕ
(B) ਨਿਸ਼ਚੇਵਾਚਕ
(C) ਕਾਰਨਵਾਚਕ
(D) ਸਥਾਨਵਾਚਕ

32. ਸੁੰਦਰ ਨੌਕਰੀ ਕਰਦਾ ਹੈ ______ ਪੜ੍ਹਦਾ ਹੈ। - ਖ਼ਾਲੀ ਸਥਾਨ ਉਪਰ ਕਿਹੜਾ ਯੋਜਕ ਆਵੇਗਾ ?

(A) ਨੂੰ
(B) ਨਾਲੇ
(C) ਵੀ
(D) ਉਪਰੋਕਤ ਕੋਈ ਨਹੀਂ

33. 'ਬੁੱਢਸੁਹਾਗਣ ਹੋਵੇਂ' - ਕਿਸ ਪ੍ਰਕਾਰ ਦਾ ਵਿਸਮਕ ਹੈ ?

(A) ਫਿਟਕਾਰਵਾਚਕ
(B) ਸੰਬੋਧਕੀ
(C) ਪ੍ਰਸੰਸਾਵਾਚਕ
(D) ਅਸੀਸਵਾਚਕ

34. 'ਤਿਕੋਣ' ਸ਼ਬਦ ਕਿਸ ਪ੍ਰਕਾਰ ਦੀ ਸ਼ਬਦ ਰਚਨਾ ਹੈ ?

(A) ਸਮਾਸੀ-ਸ਼ਬਦ
(B) ਉਤਪੰਨ-ਸ਼ਬਦ
(C) ਮੂਲ-ਸ਼ਬਦ
(D) ਕੋਈ ਨਹੀਂ

35. ਉਪਵਾਕਾਂ ਨੂੰ ਕਿੰਨੇ ਪ੍ਰਕਾਰ ਵਿੱਚ ਵੰਡਿਆ ਜਾਂਦਾ ਹੈ-

(A) ਸਧਾਰਨ, ਸੰਜੁਗਤ, ਮਿਸ਼ਰਿਤ
(B) ਪ੍ਰਸ਼ਨਵਾਚਕ, ਵਿਸਮੈਵਾਚਕ
(C) ਸੁਤੰਤਰ, ਅਧੀਨ
(D) ਸੁਤੰਤਰ, ਅਧੀਨ, ਸੰਬੰਧਕ

Adda247 GET IT ON Google Play

36. 'ਘਰ ਵਿੱਚ ਹੋਇਆ ਪਹਿਲਾ ਪੁੱਤਰ ਜਾਂ ਧੀ' ਲਈ ਇੱਕ ਸ਼ਬਦ ਕਿਹੜਾ ਵਰਤਿਆ ਜਾ ਸਕਦਾ ਹੈ ?
(A) ਜੇਠਾ
(B) ਪਲੇਠੀ
(C) ਉਪਰੋਕਤ ਦੋਵੇਂ
(D) ਉਪਰੋਕਤ ਕੋਈ ਨਹੀਂ

37. ਮੁਹਾਵਰਾ- 'ਖ਼ਿਆਲੀ ਪੁਲਾਅ ਪਕਾਉਣਾ' ਦਾ ਕੀ ਅਰਥ ਹੈ ?
(A) ਖ਼ਿਆਲਾਂ ਵਿੱਚ ਰਸੋਈ ਕਰਨੀ
(B) ਰਸੋਈ ਦਾ ਕੰਮ ਨਾ ਆਉਣਾ
(C) ਵਿਅਰਥ ਯਤਨ ਕਰਨੇ
(D) ਸਿਰਫ਼ ਸੁਪਨੇ ਵੇਖਣਾ

38. 'ਬੰਨ੍ਹ ਕੇ ਖੀਰ ਖੁਆਉਣਾ' ਮੁਹਾਵਰਾ ਕਿਸ ਅਰਥ ਵਰਤਿਆ ਜਾਂਦਾ ਹੈ ?
(A) ਕਿਸੇ ਦੀ ਬਰਬਾਦੀ ਲਈ ਯਤਨ ਕਰਨਾ
(B) ਮਿੱਠਾ ਬੋਲਣਾ
(C) ਜ਼ਬਰਦਸਤੀ ਭਲਾ ਕਰਨਾ
(D) ਫ਼ਜ਼ੂਲ ਕਾਰਜ ਕਰਨਾ

39. ਭਾਸ਼ਾਈ ਸੰਰਚਨਾ ਦੀ ਛੋਟੀ ਤੋਂ ਛੋਟੀ ਇਕਾਈ ਕੀ ਹੈ ?
(A) ਵਰਣ ਅਤੇ ਸ਼ਬਦ
(B) ਅੱਖਰ ਅਤੇ ਵਾਕ
(C) ਸ਼ਬਦ ਅਤੇ ਵਾਕ
(D) ਧੁਨੀ

40. ਹੇਠਾਂ ਦਿੱਤੀਆਂ ਚਾਰ ਸ਼੍ਰੇਣੀਆਂ ਵਿੱਚੋਂ ਕਿਸ ਸ਼੍ਰੇਣੀ ਵਿੱਚ ਕੇਵਲ ਪਦਾਰਥਵਾਚਕ ਨਾਂਵ ਹੀ ਹਨ-
(A) ਤੇਲ, ਢੇਰ, ਕਣਕ, ਚੌਲ
(B) ਢੇਰ, ਹੇੜ,ਤੇਲ, ਰੇਤ
(C) ਰੇਤ, ਤੇਲ, ਕਣਕ, ਚੌਲ
(D) ਤੇਲ, ਹੇੜ, ਢੇਰ, ਦੁੱਧ

41. 'ਖੁਰਪਾ' ਸ਼ਬਦ ਦਾ ਇਸਤਰੀ ਲਿੰਗ ਕੀ ਹੋਵੇਗਾ-
(A) ਖੁਰਪਣ
(B) ਖੁਰਪਣੀ
(C) ਖੁਰਪੀ
(D) ਉਪਰੋਕਤ ਵਿੱਚੋਂ ਕੋਈ ਨਹੀਂ

42. 'ਉੱਚੀ ਇਮਾਰਤ ਦੂਰੋਂ ਦਿਸਦੀ ਹੈ'- ਇਸ ਵਾਕ ਨੂੰ ਬਹੁਵਚਨ ਵਿੱਚ ਤਬਦੀਲ ਕਿੰਜ ਕਰੋਗੇ-
(A) ਉੱਚੀ ਇਮਾਰਤਾਂ ਦੂਰੋਂ ਦਿਸਦੀਆਂ ਹਨ।
(B) ਉੱਚੀਆਂ ਇਮਾਰਤਾਂ ਦੂਰੋਂ ਦਿਸਦੀ ਹਨ।
(C) ਉੱਚੀ ਇਮਾਰਤਾਂ ਦੂਰੋਂ ਦਿਸਦੀ ਹਨ।
(D) ਉੱਚੀਆਂ ਇਮਾਰਤਾਂ ਦੂਰੋਂ ਦਿਸਦੀਆਂ ਹਨ।

Adda247 GET IT ON Google Play

43. ਜਿਸ ਜਗ੍ਹਾ, ਟਿਕਾਣੇ, ਵਸਤ ਆਦਿ ਦੇ ਉੱਤੇ, ਵਿੱਚ ਜਾਂ ਨੇੜੇ ਕੁੱਝ ਰੱਖਿਆ ਜਾਂ ਪਾਇਆ ਜਾਵੇ, ਉਸ ਨਾਂਵ ਨੂੰ ਕਿਹੜਾ ਕਾਰਕ ਕਿਹਾ ਜਾਂਦਾ ਹੈ ?

(A) ਕਰਨ-ਕਾਰਕ (B) ਕਰਮ-ਕਾਰਕ

(C) ਅਧਿਕਰਨ-ਕਾਰਕ (D) ਸੰਬੰਧ-ਕਾਰਕ

44. 'ਗ਼ਰੀਬ ਨਾਲ ਵਿਰਲਾ ਹੀ ਚੰਗਾ ਵਰਤਾਅ ਕਰਦਾ ਹੈ'- ਇਸ ਵਾਕ ਵਿੱਚ 'ਵਿਰਲਾ' ਸ਼ਬਦ ਕਿਹੜੇ ਪੜਨਾਂਵ ਰੂਪ ਵਿੱਚ ਆਇਆ ਹੈ ?

(A) ਪੁਰਖਵਾਚਕ (B) ਨਿਸ਼ਚੇਵਾਚਕ

(C) ਉਪਰੋਕਤ ਦੋਵੇਂ (D) ਉਪਰੋਕਤ ਕੋਈ ਨਹੀਂ

45. ਗੁਣਵਾਚਕ ਵਿਸ਼ੇਸ਼ਣ ਦੀ ਸਧਾਰਨ ਅਵਸਥਾ ਵਿੱਚ ਸ਼ਬਦ ਹੈ 'ਲੰਮਾ', ਇਸ ਨੂੰ ਅਧਿਕਤਰ ਅਵਸਥਾ ਵਿੱਚ ਕੀ ਲਿਖ ਸਕਦੇ ਹਾਂ ?

(A) ਲੰਮਾ ਬਹੁਤੇਰਾ (B) ਲਮੇਰਾ

(C) ਲੰਬੂਤਾ (D) ਬਹੁਤੇਰਾ ਲਮੇਰਾ

46. ਹਾਏ! ਓਏ ਰੱਬਾ, ਇਹ ਕੀ ਭਾਣਾ ਵਰਤ ਗਿਆ। - ਇਸ ਵਾਕ ਵਿੱਚ 'ਹਾਏ' ਸ਼ਬਦ ਕਿਹੜਾ ਵਿਸਮਕ ਹੈ ?

(A) ਇੱਛਾ ਵਾਚਕ (B) ਹੈਰਾਨੀ ਵਾਚਕ

(C) ਸ਼ੋਕ ਵਾਚਕ (D) ਸੂਚਨਾ ਵਾਚਕ

47. 'ਅਖ਼ਲਾਕ' ਇਕ ਨਾਂਵ ਹੈ, ਇਸ ਦਾ ਵਿਸ਼ੇਸ਼ਣ ਕੀ ਬਣੇਗਾ ?

(A) ਅਖ਼ਲਾਕੀ (B) ਅਖ਼ਲਾਕ

(C) ਅਖ਼ਲਾਕੂ (D) ਅਖ਼ਲਾਕਣ

48. 'ਸੋਹਨ ਤੇ ਮੋਹਨ ਸਕੂਲ ਜਾ ਰਹੇ ਹਨ'- ਇਸ ਵਾਕ ਵਿੱਚ ਯੋਜਕ ਸ਼ਬਦ ਕਿਹੜਾ ਹੈ ?

(A) ਜਾ (B) ਤੇ

(C) ਉਪਰੋਕਤ ਦੋਵੇਂ (D) ਉਪਰੋਕਤ ਕੋਈ ਨਹੀਂ

49. 'ਜੋ ਵਿਅਕਤੀ ਆਪਣੀਆਂ ਲੋੜਾਂ ਦੀ ਪੂਰਤੀ ਆਪ ਕਰੇ'- ਇਸ ਲਈ ਢੁੱਕਵਾਂ ਇੱਕ ਸ਼ਬਦ ਦੱਸੋ-

(A) ਲੋੜਪੂਰਤੀ (B) ਬੋਝ

(C) ਆਤਮਨਿਰਭਰ (D) ਵਿਲੱਖਣ

50. ਵਿਸ਼ੇਸ਼ਣ ਸ਼ਬਦ ਹੈ-'ਗੂੜ੍ਹਾ'- ਇਸ ਦਾ ਵਿਰੋਧਾਰਥਕ ਸ਼ਬਦ ਲਿਖੋ-

(A) ਪਤਲਾ (B) ਫਿੱਕਾ

(C) ਵਿਰਲਾ (D) ਨਿਗੁਣਾ

Adda247 GET IT ON Google Play

## ਭਾਗ-ਦੂਜਾ : ਪੰਜਾਬੀ ਸਾਹਿਤ

51. ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ।।
ਨਾਨਕ ਤੇ ਮੁਖ ਉਜਲੇ ਤਿਤੁ ਸਚੈ ਦਰਬਾਰਿ।।
ਉਪਰੋਕਤ ਸਤਰਾਂ ਕਿਸ ਦੀ ਰਚਨਾ ਹਨ ?
(A) ਗੁਰੂ ਨਾਨਕ ਦੇਵ ਜੀ
(B) ਗੁਰੂ ਅਮਰਦਾਸ ਜੀ
(C) ਗੁਰੂ ਰਾਮਦਾਸ ਜੀ
(D) ਭਾਈ ਗੁਰਦਾਸ ਜੀ

52. ਗੁਰੂ ਅਮਰਦਾਸ ਜੀ ਨੇ ਕਿੰਨੇ ਰਾਗਾਂ ਵਿੱਚ ਬਾਣੀ-ਰਚਨਾ ਕੀਤੀ ਹੈ ?
(A) 15
(B) 16
(C) 17
(D) 18

53. ਭਾਈ ਗੁਰਦਾਸ ਜੀ ਹੇਠ ਲਿਖਿਆਂ ਵਿੱਚੋਂ ਕਿਹੜੇ ਗੁਰੂ ਸਾਹਿਬ ਦੇ ਭਤੀਜੇ ਸਨ ?
(A) ਗੁਰੂ ਰਾਮਦਾਸ ਜੀ
(B) ਗੁਰੂ ਅਮਰਦਾਸ ਜੀ
(C) ਗੁਰੂ ਅਰਜਨ ਦੇਵ ਜੀ
(D) ਗੁਰੂ ਹਰਗੋਬਿੰਦ ਸਾਹਿਬ ਜੀ

54. ਹੇਠ ਲਿਖਿਆਂ ਵਿੱਚੋਂ ਕਿਹੜੇ ਗੁਰੂ ਸਾਹਿਬ ਦੇ ਪਿਤਾ ਦਾ ਨਾਮ ਤੇਜਭਾਨ ਸੀ ?
(A) ਗੁਰੂ ਅੰਗਦ ਦੇਵ ਜੀ
(B) ਗੁਰੂ ਅਮਰਦਾਸ ਜੀ
(C) ਗੁਰੂ ਰਾਮਦਾਸ ਜੀ
(D) ਗੁਰੂ ਹਰਿਕ੍ਰਿਸ਼ਨ ਜੀ

55. ਨਿਮਨ ਲਿਖਤ ਵਿੱਚੋਂ ਕਿਹੜੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਨਹੀਂ ਹੈ ?
(A) ਅਕਾਲ ਉਸਤਤਿ
(B) ਗਿਆਨ ਪ੍ਰਬੋਧ
(C) ਜ਼ਫ਼ਰਨਾਮਾ
(D) ਦੱਖਣੀ ਓਅੰਕਾਰ

56. ਸੁਰਪਤਿ ਜੇਹੇ ਲੜਿ ਹਟੇ ਬੀਰ ਟਲੇ ਨ ਟਾਲੇ।। ਗਜੇ ਦੁਰਗਾ ਘੇਰਿ ਕੈ ਜਣੁ ਘਣੀਅਰੁ ਕਾਲੇ।।
ਉਪਰੋਕਤ ਸਤਰਾਂ "ਚੰਡੀ ਦੀ ਵਾਰ" ਦੀ ਕਿਹੜੀ ਪਉੜੀ ਵਿੱਚ ਦਰਜ ਹਨ ?
(A) 11
(B) 12
(C) 13
(D) 14

57. ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ ।
ਨਾ ਤਿਸੁ ਭਾਰੇ ਕੋਟ ਗੜ੍ਹ ਘਰਬਾਰ ਦਿਸੰਦੇ ।
ਉਪਰੋਕਤ ਸਤਰਾਂ ਕਿਸ ਦੀ ਰਚਨਾ ਹਨ ?
(A) ਭਾਈ ਗੁਰਦਾਸ ਜੀ
(B) ਗੁਰੂ ਗੋਬਿੰਦ ਸਿੰਘ ਜੀ
(C) ਗੁਰੂ ਨਾਨਕ ਦੇਵ ਜੀ
(D) ਗੁਰੂ ਰਾਮਦਾਸ ਜੀ

Adda247 GET IT ON Google Play

58. ਹੇਠ ਲਿਖਿਆਂ ਵਿੱਚੋਂ ਕਿਹੜੇ ਗੁਰੂ ਸਾਹਿਬ ਨੇ ਗੋਇੰਦਵਾਲ ਵਿਖੇ ਬਾਉਲੀ ਦਾ ਨਿਰਮਾਣ ਕਰਵਾਇਆ ?

(A) ਗੁਰੂ ਅੰਗਦ ਦੇਵ ਜੀ
(B) ਗੁਰੂ ਅਮਰਦਾਸ ਜੀ
(C) ਗੁਰੂ ਰਾਮਦਾਸ ਜੀ
(D) ਗੁਰੂ ਅਰਜਨ ਦੇਵ ਜੀ

59. ਹੇਠ ਲਿਖਿਆਂ ਵਿੱਚੋਂ ਕਿਹੜੇ ਗੁਰੂ ਸਾਹਿਬ ਨੇ 1604 ਈ. ਵਿਚ "ਆਦਿ ਗ੍ਰੰਥ" ਦੀ ਸੰਪਾਦਨਾ ਕੀਤੀ ?

(A) ਗੁਰੂ ਨਾਨਕ ਦੇਵ ਜੀ
(B) ਗੁਰੂ ਅੰਗਦ ਦੇਵ ਜੀ
(C) ਗੁਰੂ ਅਮਰਦਾਸ ਜੀ
(D) ਗੁਰੂ ਅਰਜਨ ਦੇਵ ਜੀ

60. ਭਾਈ ਗੁਰਦਾਸ ਜੀ ਨੇ ਕਿਹੜੀ ਭਾਸ਼ਾ ਵਿੱਚ ਕਬਿਤ-ਸਵਯੇ ਰਚੇ?

(A) ਫ਼ਾਰਸੀ
(B) ਬ੍ਰਜ
(C) ਪੰਜਾਬੀ
(D) ਅਰਬੀ

61. ਚਰਨ ਕਮਲ ਜਪਿ ਸਾਗਰੁ ਤਰਿਆ ਭਵਜਲ ਉਤਰੇ ਪਾਰਾ ।।
ਨਾਨਕ ਸ਼ਰਣਿ ਪੂਰਨ ਪਰਮੇਸੁਰ ਤੇਰਾ ਅੰਤੁ ਨ ਪਾਰਾਵਾਰਾ ।।
ਉਪਰੋਕਤ ਸਤਰਾਂ ਕਿਹੜੇ ਗੁਰੂ ਸਾਹਿਬ ਦੀ ਬਾਣੀ ਵਿੱਚੋਂ ਹਨ ?

(A) ਗੁਰੂ ਨਾਨਕ ਦੇਵ ਜੀ
(B) ਗੁਰੂ ਅਰਜਨ ਦੇਵ ਜੀ
(C) ਗੁਰੂ ਅਮਰਦਾਸ ਜੀ
(D) ਗੁਰੂ ਰਾਮਦਾਸ ਜੀ

62. ਹੇਠ ਲਿਖਿਆਂ ਵਿੱਚੋਂ ਕਿਸ ਦੀ ਰਚਨਾ ਨੂੰ "ਗੁਰਬਾਣੀ ਦੀ ਕੁੰਜੀ" ਕਿਹਾ ਜਾਂਦਾ ਹੈ ?

(A) ਗੁਰੂ ਨਾਨਕ ਦੇਵ ਜੀ ਦੀ ਰਚਨਾ ਨੂੰ
(B) ਭਾਈ ਗੁਰਦਾਸ ਜੀ ਦੀ ਰਚਨਾ ਨੂੰ
(C) ਗੁਰੂ ਅੰਗਦ ਦੇਵ ਜੀ ਦੀ ਰਚਨਾ ਨੂੰ
(D) ਗੁਰੂ ਅਮਰਦਾਸ ਜੀ ਦੀ ਰਚਨਾ ਨੂੰ

63. ਸੀਹਾ ਵਾਗੂੰ ਗਜਣ ਸਭੇ ਸੂਰਮੇ ।।
ਤਣਿ ਤਣਿ ਕੈਬਰ ਛਡਨਿ ਦੁਰਗਾ ਸਾਮ੍ਹਣੇ।।
ਉਪਰੋਕਤ ਸਤਰਾਂ ਵਿੱਚ 'ਕੈਬਰ' ਸ਼ਬਦ ਦਾ ਅਰਥ ਹੈ:

(A) ਤਲਵਾਰ
(B) ਬਰਛਾ
(C) ਤੀਰ
(D) ਨਗਾਰਾ

64. ਪ੍ਰੋ. ਪੂਰਨ ਸਿੰਘ ਦਾ ਜਨਮ ਕਦੋਂ ਹੋਇਆ?

(A) 1872
(B) 1880
(C) 1881
(D) 1882

Adda247 GET IT ON Google Play

65. ਭਾਈ ਵੀਰ ਸਿੰਘ ਨੂੰ ਕਿਹੜੀ ਪੁਸਤਕ 'ਤੇ ਭਾਰਤੀ ਸਾਹਿਤ ਅਕਾਦਮੀ ਵੱਲੋਂ ਪੁਰਸਕਾਰ ਪ੍ਰਾਪਤ ਹੋਇਆ ?

(A) ਰਾਣਾ ਸੂਰਤ ਸਿੰਘ
(B) ਕੰਬਦੀ ਕਲਾਈ
(C) ਸੁੰਦਰੀ
(D) ਮੇਰੇ ਸਾਂਈਆਂ ਜੀਓ

66. ਹੇਠ ਲਿਖਿਆਂ ਵਿੱਚੋਂ "ਅਸ਼ਟ ਗੁਰੂ ਚਮਤਕਾਰ" ਦੀ ਰਚਨਾ ਕਿਸ ਨੇ ਕੀਤੀ ?

(A) ਭਾਈ ਵੀਰ ਸਿੰਘ
(B) ਪ੍ਰੋ. ਪੂਰਨ ਸਿੰਘ
(C) ਜਸਵੰਤ ਸਿੰਘ ਨੇਕੀ
(D) ਸੁਰਜੀਤ ਪਾਤਰ

67. ਨਿਮਨ ਲਿਖਤ ਵਿੱਚੋਂ ਪ੍ਰੋ. ਪੂਰਨ ਸਿੰਘ ਦੀ ਕਿਹੜੀ ਪੁਸਤਕ ਕਾਵਿ-ਸੰਗ੍ਰਹਿ ਨਹੀਂ ਹੈ ?

(A) ਖੁੱਲ੍ਹੇ ਲੇਖ
(B) ਖੁੱਲ੍ਹੇ ਘੁੰਡ
(C) ਖੁੱਲ੍ਹੇ ਮੈਦਾਨ
(D) ਖੁੱਲ੍ਹੇ ਅਸਮਾਨੀ ਰੰਗ

68. ਸੁਰਜੀਤ ਪਾਤਰ ਨੂੰ "ਪਦਮ ਸ੍ਰੀ" ਅਵਾਰਡ ਕਦੋਂ ਪ੍ਰਾਪਤ ਹੋਇਆ ?

(A) 2009
(B) 2011
(C) 2012
(D) 2013

69. ਨਿਮਨ ਲਿਖਤ ਵਿੱਚੋਂ ਕਿਹੜੀ ਰਚਨਾ ਸੁਰਜੀਤ ਪਾਤਰ ਦੀ ਨਹੀਂ ਹੈ ?

(A) ਬਿਰਖ਼ ਅਰਜ਼ ਕਰੇ
(B) ਲਫ਼ਜ਼ਾਂ ਦੀ ਦਰਗਾਹ
(C) ਉੱਡਦੇ ਬਾਜ਼ਾਂ ਮਗਰ
(D) ਸੁਰਜ਼ਮੀਨ

70. ਹੇਠ ਲਿਖਿਆਂ ਵਿੱਚੋਂ ਕਿਹੜੀ ਕਾਵਿ-ਪੁਸਤਕ ਭਾਈ ਵੀਰ ਸਿੰਘ ਦੀ ਰਚਨਾ ਨਹੀਂ ਹੈ ?

(A) ਲਹਿਰਾਂ ਦੇ ਹਾਰ
(B) ਮਟਕ ਹੁਲਾਰੇ
(C) ਪ੍ਰੀਤ ਵੀਣਾ
(D) ਰਾਜਸੀ ਹੁਲਾਰੇ

71. ਸੁਰਜੀਤ ਪਾਤਰ ਦੁਆਰਾ ਰਚਿਤ ਪੁਸਤਕ "ਸੂਰਜ ਮੰਦਰ ਦੀਆਂ ਪੌੜੀਆਂ" ਸਾਹਿਤ ਦੇ ਕਿਸ ਰੂਪ ਨਾਲ ਸੰਬੰਧਤ ਹੈ ?

(A) ਕਵਿਤਾ
(B) ਵਾਰਤਕ
(C) ਨਾਟਕ
(D) ਨਾਵਲ

Adda247 GET IT ON Google Play

72. ਸਾਦੇ-ਸਾਦੇ ਚਿਹਰੇ, ਬੇਨਿਕਾਬ ਜਿਹੇ,
ਨਾ ਛੁਪਦੇ, ਨਾ ਛੁਪਾਂਦੇ ਕੁਝ ਆਪਣਾ,
ਨੰਗੇ ਨੰਗੇ ਦਿਲ ਇਹਨਾਂ ਦੇ
ਭੋਲ਼ੇ-ਭਾਲ਼ੇ ਲੋਕ ਤੇ ਆਲੀਆਂ-ਭੋਲ਼ੀਆਂ ਗੱਲਾਂ।
ਉਪਰੋਕਤ ਸਤਰਾਂ ਪ੍ਰੋ. ਪੂਰਨ ਸਿੰਘ ਦੀ ਕਿਹੜੀ ਕਵਿਤਾ ਵਿੱਚੋਂ ਹਨ ?
(A) ਜਵਾਨ ਪੰਜਾਬ ਦੇ
(B) ਪੰਜਾਬ ਦੇ ਮਜ਼ੂਰ
(C) ਖੂਹ ਉਤੇ
(D) ਉਪਰੋਕਤ ਵਿੱਚੋਂ ਕੋਈ ਨਹੀਂ

73. ਬਿਰਲਾ ਫਾਊਂਡੇਸ਼ਨ ਵੱਲੋਂ ਸੁਰਜੀਤ ਪਾਤਰ ਨੂੰ ਕਿਹੜਾ ਪੁਰਸਕਾਰ ਪ੍ਰਾਪਤ ਹੋਇਆ ?
(A) ਸਰਸਵਤੀ ਸਨਮਾਨ
(B) ਸ਼੍ਰੋਮਣੀ ਪੰਜਾਬੀ ਕਵੀ
(C) ਪਦਮ ਸ਼੍ਰੀ
(D) ਉਪਰੋਕਤ ਵਿੱਚੋਂ ਕੋਈ ਨਹੀਂ

74. ਹੇਠ ਲਿਖਿਆਂ ਵਿੱਚੋਂ ਕਿਹੜੀ ਕਵਿਤਾ ਭਾਈ ਵੀਰ ਸਿੰਘ ਦੀ ਰਚਨਾ ਨਹੀਂ ਹੈ ?
(A) ਬਿਨਫਸਾਂ ਦਾ ਫੁੱਲ
(B) ਸਮਾਂ
(C) ਬ੍ਰਿਛ
(D) ਇਕ ਮਿੱਟੀ ਦੀ ਮੁੱਠੀ

75. ਭਾਈ ਵੀਰ ਸਿੰਘ ਦਾ ਜਨਮ ਕਦੋਂ ਹੋਇਆ ?
(A) 1872
(B) 1873
(C) 1874
(D) 1875

76. ਪ੍ਰਿੰ. ਤੇਜਾ ਸਿੰਘ ਦੁਆਰਾ ਰਚਿਤ ਪੁਸਤਕ 'ਆਰਸੀ' ਦੀ ਵਿਧਾ ਹੈ -
(A) ਕਾਵਿ-ਸੰਗ੍ਰਹਿ
(B) ਨਿਬੰਧ
(C) ਸਵੈ-ਜੀਵਨੀ
(D) ਨਾਵਲ

77. ਨਰਿੰਦਰ ਸਿੰਘ ਕਪੂਰ ਦੁਆਰਾ ਰਚਿਤ ਸਫ਼ਰਨਾਮਾ 'ਸੱਚੋ-ਸੱਚ' ਕਿਹੜੇ ਦੇਸ਼ ਨਾਲ ਸੰਬੰਧਤ ਹੈ ?
(A) ਅਮਰੀਕਾ
(B) ਕੈਨੇਡਾ
(C) ਸਵੀਡਨ
(D) ਰੂਸ

78. ਹੇਠ ਲਿਖਿਆਂ ਵਿੱਚੋਂ ਕਿਹੜੀ ਰਚਨਾ ਬਲਰਾਜ ਸਾਹਨੀ ਦੀ ਹੈ ?
(A) ਗ਼ਲਤੀਆਂ
(B) ਮੇਰਾ ਰੂਸੀ ਸਫ਼ਰਨਾਮਾ
(C) ਵਿਦਿਆ ਰਤਨਾਕਰ
(D) ਅਨੇਕ ਦਰਸ਼ਨ

Adda247 GET IT ON Google Play

79. ਲੇਖ-ਸੰਗ੍ਰਹਿ "ਅੰਤਰ ਝਾਤ" ਹੇਠ ਲਿਖਿਆਂ ਵਿੱਚੋਂ ਕਿਸ ਦੀ ਰਚਨਾ ਹੈ ?

(A) ਨਰਿੰਦਰ ਸਿੰਘ ਕਪੂਰ
(B) ਪ੍ਰਿੰ. ਤੇਜਾ ਸਿੰਘ
(C) ਬਲਰਾਜ ਸਾਹਨੀ
(D) ਸੂਬਾ ਸਿੰਘ

80. ਨਿਮਨ ਲਿਖਤ ਵਿੱਚੋਂ ਕਿਹੜਾ ਲੇਖ ਡਾ. ਨਰਿੰਦਰ ਸਿੰਘ ਕਪੂਰ ਦੀ ਰਚਨਾ ਹੈ ?

(A) ਮੇਰੇ ਵੱਡੇ-ਵਡੇਰੇ
(B) ਪ੍ਰਾਰਥਨਾ
(C) ਤੁਰਨ ਦਾ ਹੁਨਰ
(D) ਬੋਲੀ

81. ਹੇਠ ਲਿਖਿਆਂ ਵਿੱਚੋਂ ਕਿਹੜੀ ਫ਼ਿਲਮ ਬਲਰਾਜ ਸਾਹਨੀ ਨਾਲ ਸੰਬੰਧਤ ਨਹੀਂ ਹੈ ?

(A) ਕਾਬਲੀਵਾਲਾ
(B) ਹਮ ਲੋਗ
(C) ਅਭਿਮਾਨ
(D) ਦੋ ਬੀਘਾ ਜ਼ਮੀਨ

82. ਪੁਸਤਕ "ਸਾਹਿਤ ਦਰਸ਼ਨ" ਨਿਮਨ ਲਿਖਤ ਵਿੱਚੋਂ ਕਿਸ ਦੀ ਰਚਨਾ ਹੈ ?

(A) ਪ੍ਰਿੰ. ਤੇਜਾ ਸਿੰਘ
(B) ਬਲਰਾਜ ਸਾਹਨੀ
(C) ਨਰਿੰਦਰ ਸਿੰਘ ਕਪੂਰ
(D) ਸ. ਕਪੂਰ ਸਿੰਘ

83. ਬਲਰਾਜ ਸਾਹਨੀ ਨੂੰ ਕਿਹੜੀ ਸੰਸਥਾ ਨੇ "ਸ਼੍ਰੋਮਣੀ ਪੰਜਾਬੀ ਸਾਹਿਤਕਾਰ" ਪੁਰਸਕਾਰ ਪ੍ਰਦਾਨ ਕੀਤਾ ?

(A) ਬਿਰਲਾ ਫਾਊਂਡੇਸ਼ਨ
(B) ਭਾਰਤੀ ਸਾਹਿਤ ਅਕਾਦਮੀ
(C) ਭਾਰਤ ਸਰਕਾਰ
(D) ਭਾਸ਼ਾ ਵਿਭਾਗ, ਪੰਜਾਬ

84. "ਘਰ ਦਾ ਪਿਆਰ" ਨਿਬੰਧ ਦਾ ਲੇਖਕ ਨਿਮਨ ਲਿਖਤ ਵਿੱਚੋਂ ਕੌਣ ਹੈ ?

(A) ਪ੍ਰਿੰ. ਤੇਜਾ ਸਿੰਘ
(B) ਬਲਰਾਜ ਸਾਹਨੀ
(C) ਬਲਵੰਤ ਗਾਰਗੀ
(D) ਨਰਿੰਦਰ ਸਿੰਘ ਕਪੂਰ

85. "ਮੁੜ ਵੇਖਿਆ ਪਿੰਡ" ਵਾਰਤਕ ਰਚਨਾ ਬਲਰਾਜ ਸਾਹਨੀ ਦੀ ਕਿਹੜੀ ਪੁਸਤਕ ਵਿੱਚ ਦਰਜ ਹੈ ?

(A) ਮੇਰੀ ਫ਼ਿਲਮੀ ਆਤਮ ਕਥਾ
(B) ਮੇਰਾ ਪਾਕਿਸਤਾਨੀ ਸਫ਼ਰਨਾਮਾ
(C) ਮੇਰੀ ਗ਼ੈਰ ਜਜ਼ਬਾਤੀ ਡਾਇਰੀ
(D) ਉਪਰੋਕਤ ਵਿੱਚੋਂ ਕੋਈ ਨਹੀਂ

Adda247 GET IT ON Google Play

86. ਬਲਰਾਜ ਸਾਹਨੀ ਕਿਹੜੀ ਸੰਸਥਾ ਵਿੱਚ ਅਧਿਆਪਕ ਰਹੇ ?

(A) ਸ਼ਾਂਤੀ ਨਿਕੇਤਨ (B) ਪੰਜਾਬੀ ਯੂਨੀਵਰਸਿਟੀ, ਪਟਿਆਲਾ

(C) ਖ਼ਾਲਸਾ ਕਾਲਜ, ਅੰਮ੍ਰਿਤਸਰ (D) ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ

87. "ਮਾਰਟਿਨ ਲੂਥਰ ਕਿੰਗ" ਹੇਠ ਲਿਖਿਆਂ ਵਿੱਚੋਂ ਕਿਸ ਦੀ ਰਚਨਾ ਹੈ ?

(A) ਪ੍ਰਿੰ. ਤੇਜਾ ਸਿੰਘ (B) ਬਲਰਾਜ ਸਾਹਨੀ

(C) ਸੂਬਾ ਸਿੰਘ (D) ਨਰਿੰਦਰ ਸਿੰਘ ਕਪੂਰ

88. ਪ੍ਰਿੰ. ਤੇਜਾ ਸਿੰਘ ਦਾ ਜਨਮ ਕਿੱਥੇ ਹੋਇਆ ?

(A) ਰਾਵਲਪਿੰਡੀ (B) ਮੁਲਤਾਨ

(C) ਕਸ਼ਮੀਰ (D) ਕਸੂਰ

89. ਕਹਾਣੀ-ਸੰਗ੍ਰਹਿ "ਲੋਹੇ ਦੇ ਹੱਥ" ਦਾ ਲੇਖਕ ਹੇਠ ਲਿਖਿਆਂ ਵਿੱਚੋਂ ਕੌਣ ਹੈ ?

(A) ਵਰਿਆਮ ਸਿੰਘ ਸੰਧੂ (B) ਸੁਜਾਨ ਸਿੰਘ

(C) ਕੁਲਵੰਤ ਸਿੰਘ ਵਿਰਕ (D) ਮੋਹਨ ਭੰਡਾਰੀ

90. ਸੁਜਾਨ ਸਿੰਘ ਨੂੰ ਕਿਹੜੇ ਕਹਾਣੀ-ਸੰਗ੍ਰਹਿ 'ਤੇ ਭਾਰਤੀ ਸਾਹਿਤ ਅਕਾਦਮੀ, ਦਿੱਲੀ ਵੱਲੋਂ ਪੁਰਸਕਾਰ ਪ੍ਰਾਪਤ ਹੋਇਆ ?

(A) ਨਰਕਾਂ ਦੇ ਦੇਵਤੇ (B) ਮਨੁੱਖ ਤੇ ਪਸ਼ੂ

(C) ਸ਼ਹਿਰ ਤੇ ਗ੍ਰਾਂ (D) ਸਭ ਰੰਗ

91. ਕੁਲਵੰਤ ਸਿੰਘ ਵਿਰਕ ਨੂੰ "ਕਰਤਾਰ ਸਿੰਘ ਧਾਲੀਵਾਲ" ਪੁਰਸਕਾਰ ਕਿਹੜੀ ਸੰਸਥਾ ਵੱਲੋਂ ਪ੍ਰਦਾਨ ਕੀਤਾ ਗਿਆ ?

(A) ਭਾਸ਼ਾ ਵਿਭਾਗ, ਪੰਜਾਬ (B) ਭਾਰਤੀ ਸਾਹਿਤ ਅਕਾਦਮੀ, ਦਿੱਲੀ

(C) ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ (D) ਪੰਜਾਬ ਕਲਾ ਪ੍ਰੀਸ਼ਦ

92. ਹੇਠ ਲਿਖਿਆਂ ਵਿੱਚੋਂ ਕਿਹੜਾ ਕਹਾਣੀ-ਸੰਗ੍ਰਹਿ ਕੁਲਵੰਤ ਸਿੰਘ ਵਿਰਕ ਦੁਆਰਾ ਨਹੀਂ ਲਿਖਿਆ ਗਿਆ ?

(A) ਤੂੜੀ ਦੀ ਪੰਡ (B) ਦੁੱਧ ਦਾ ਛੱਪੜ

(C) ਨਵੇਂ ਲੋਕ (D) ਸਸਤਾ ਤਮਾਸ਼ਾ

93. ਹੇਠ ਲਿਖਿਆਂ ਵਿੱਚੋਂ "ਸਵਾਲ ਜਵਾਬ" ਕਹਾਣੀ ਦਾ ਲੇਖਕ ਹੈ :

(A) ਸੁਜਾਨ ਸਿੰਘ (B) ਕੁਲਵੰਤ ਸਿੰਘ ਵਿਰਕ

(C) ਵਰਿਆਮ ਸਿੰਘ ਸੰਧੂ (D) ਕਰਤਾਰ ਸਿੰਘ ਦੁੱਗਲ

Adda247 GET IT ON Google Play

94. ਵਰਿਆਮ ਸਿੰਘ ਸੰਧੂ ਨੂੰ ਕਹਾਣੀ-ਸੰਗ੍ਰਹਿ "ਚੌਥੀ ਕੂਟ" ਉੱਤੇ ਕਿਹੜਾ ਪੁਰਸਕਾਰ ਪ੍ਰਾਪਤ ਹੋਇਆ ?
(A) ਗਿਆਨ ਪੀਠ ਪੁਰਸਕਾਰ
(B) ਪਦਮ ਸ਼੍ਰੀ ਪੁਰਸਕਾਰ
(C) ਭਾਰਤੀ ਸਾਹਿਤ ਅਕਾਦਮੀ ਪੁਰਸਕਾਰ
(D) ਉਪਰੋਕਤ ਵਿੱਚੋਂ ਕੋਈ ਨਹੀਂ

95. ਕਹਾਣੀ 'ਕੁਲਫ਼ੀ' ਹੇਠ ਲਿਖਿਆਂ ਵਿੱਚੋਂ ਕਿਸ ਦੀ ਰਚਨਾ ਹੈ ?
(A) ਕੁਲਵੰਤ ਸਿੰਘ ਵਿਰਕ
(B) ਵਰਿਆਮ ਸਿੰਘ ਸੰਧੂ
(C) ਗੁਰਮੁਖ ਸਿੰਘ ਮੁਸਾਫ਼ਿਰ
(D) ਸੁਜਾਨ ਸਿੰਘ

96. ਕੁਲਵੰਤ ਸਿੰਘ ਵਿਰਕ ਨੂੰ ਕਹਾਣੀ-ਸੰਗ੍ਰਹਿ "ਨਵੇਂ ਲੋਕ" ਉੱਤੇ ਕਿਹੜਾ ਪੁਰਸਕਾਰ ਪ੍ਰਾਪਤ ਹੋਇਆ ?
(A) ਸ਼੍ਰੋਮਣੀ ਪੰਜਾਬੀ ਕਹਾਣੀਕਾਰ
(B) ਪਦਮ ਸ਼੍ਰੀ ਪੁਰਸਕਾਰ
(C) ਭਾਰਤੀ ਸਾਹਿਤ ਅਕਾਦਮੀ ਪੁਰਸਕਾਰ
(D) ਸਰਸਵਤੀ ਸਨਮਾਨ

97. ਹੇਠ ਲਿਖਿਆਂ ਵਿੱਚੋਂ ਕਿਹੜਾ ਕਹਾਣੀਕਾਰ ਮਾਸਿਕ-ਪੱਤਰ 'ਜਾਗ੍ਰਿਤੀ' ਦਾ ਸੰਪਾਦਕ ਵੀ ਰਿਹਾ ?
(A) ਕੁਲਵੰਤ ਸਿੰਘ ਵਿਰਕ
(B) ਸੁਜਾਨ ਸਿੰਘ
(C) ਵਰਿਆਮ ਸਿੰਘ ਸੰਧੂ
(D) ਰਘੁਬੀਰ ਢੰਡ

98. "ਕਲਮ ਜਾਗ ਪਈ" ਕਹਾਣੀ ਦਾ ਲੇਖਕ ਹੇਠ ਲਿਖਿਆਂ ਵਿੱਚੋਂ ਕੌਣ ਹੈ ?
(A) ਕੁਲਵੰਤ ਸਿੰਘ ਵਿਰਕ
(B) ਵਰਿਆਮ ਸਿੰਘ ਸੰਧੂ
(C) ਸੁਜਾਨ ਸਿੰਘ
(D) ਅਜੀਤ ਕੌਰ

99. ਕੁਲਵੰਤ ਸਿੰਘ ਵਿਰਕ ਦੀ ਕਿਸ ਕਹਾਣੀ ਵਿੱਚ ਇੱਕ ਫ਼ੌਜੀ ਦੇ ਪਿਤਾ ਦੀ ਧੌਲ ਵਰਗੀ ਜਰਨ-ਸ਼ਕਤੀ ਦਾ ਵਿਖਾਲਾ ਕੀਤਾ ਗਿਆ ਹੈ ?
(A) ਗੋਲ੍ਹਾਂ
(B) ਧਰਤੀ ਤੇ ਅਕਾਸ਼
(C) ਏਕਸ ਕੇ ਹਮ ਬਾਰਿਕ
(D) ਧਰਤੀ ਹੇਠਲਾ ਬੌਲਦ

100. ਕਹਾਣੀ 'ਅੰਗ-ਸੰਗ' ਦਾ ਲੇਖਕ ਹੇਠ ਲਿਖਿਆਂ ਵਿੱਚੋਂ ਕੌਣ ਹੈ ?
(A) ਸੁਜਾਨ ਸਿੰਘ
(B) ਕੁਲਵੰਤ ਸਿੰਘ ਵਿਰਕ
(C) ਰਘੁਬੀਰ ਢੰਡ
(D) ਵਰਿਆਮ ਸਿੰਘ ਸੰਧੂ